(i) Printed Pages : 3

(ii) Questions : 6

Roll No. ................................

Sub. Code : | 0 | 9 | 6 | 6 |

Exam. Code : | 0 | 0 | 3 | 4 |

B.Sc. (Hons.) Biotechnology 2nd Semester

(2053)

PUNJABI

(Same for Bioinformatics & B.Sc. (Agriculture) 2nd Semester)

Paper : BIOT-Sem.-II-II-T (A)

Time Allowed : Three Hours] [Maximum Marks : 45

1. ਹੇਠ ਲਿਖੇ ਵਾਰਤਕ ਟੋਟਿਆਂ ਵਿੱਚੋਂ ਕਿਸੇ **ਇੱਕ** ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

"ਤੁਹਾਡਾ ਵਾਲ ਵਿੰਗਾ ਨਹੀਂ ਹੋਵੇਗਾ ਉਹਨੇ ਸਾਰੇ ਬੰਦਿਆਂ ਨੂੰ ਧਰਵਾਸ ਦੇਂਦਿਆਂ ਆਖਿਆ, "ਤੁਹਾਡਾ ਮਾਲ ਅਸਬਾਬ, ਢੋਰ ਡੰਗਰ ਤੁਹਾਨੂੰ ਮੋੜ ਦਿੱਤੇ ਜਾਣਗੇ। ਅੱਜ ਦੁਪਹਿਰੀਂ ਮੈਂ ਤੇ ਮੇਰਾ ਜਥਾ ਆਪਣੀ ਨਿਗਰਾਨੀ ਵਿੱਚ ਤੁਹਾਨੂੰ ਕਾਫਲੇ ਨਾਲ ਰਲਾ ਕੇ ਅਵਾਂਗੇ। "

ਜਾਂ

"ਦਰਬਾਰਾ ਸਿਆਹ! ਕਪੂਰ ਸਿੰਘ ਖਿਰ ਬਿਰ ਕਰਨ ਲੱਗਾ, 'ਮੇਰੇ ਹਾਲ ਕੰਨੀਂ ਦੇਖ, ਕਿੰਨਾ ਚਿਰ ਹੋ ਗਿਆ ਮੈਨੂੰ ਰੁਲਦੇ ਨੂੰ ਹੁਣ ਤੂੰ ਐਵੇਂ ਅੜਿੱਕਾ ਨਾ ਡਾਹ, ਜਿੱਕਣ ਕਹੇਂਗਾ, ਓਕਣੇ ਕਰ ਲਾਂਗੇ' ..........।" 5

2. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਵਿਸ਼ਾ ਅਤੇ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(i) ਪਠਾਣ ਦੀ ਧੀ — ਸੁਜਾਨ ਸਿੰਘ

(ii) ਦਲਦਲ — ਵਰਿਆਮ ਸਿੰਘ ਸੰਧੂ। 3+5=8

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(i) ਗ਼ਫ਼ੂਰ ਅਤੇ ਬੱਚਿਆਂ ਦੇ ਬਾਪ ਵਿੱਚ ਕੀ ਗੱਲਬਾਤ ਹੋਈ ? ਵੇਰਵੇ ਸਹਿਤ ਲਿਖੋ।

(ii) ਸਾਈ ਦੇ ਕੇ ਬਣਵਾਈ ਗੁਰਗਾਬੀ ਵੀ ਕੁੜੀ ਦੇ ਮੇਚ ਕਿਉਂ ਨਾ ਆਈ ?

(iii) ਦਰਬਾਰੇ ਵਾਲੀ ਸਾਂਝੀ ਕੰਧ ਤੋਂ ਬਿਨਾਂ ਕਪੂਰ ਸਿੰਘ ਨੇ ਬਾਕੀ ਸਾਂਝੀਆਂ ਕੰਧਾਂ ਬਾਰੇ ਕੀ ਕੀਤਾ ?

(iv) ਆਲਾ ਸਿੰਘ 'ਟੱਪ ਹੇਠਾਂ' ਆਪਣੇ ਲੋਕਾਂ ਦਾ ਧਿਆਨ ਆਕਰਸ਼ਿਤ ਕਰਨ ਲਈ ਕੀ-ਕੀ ਯਤਨ ਕਰਦਾ ?

(v) ਰਾਤ ਦੇ ਹਨੇਰੇ ਵਿੱਚ ਸਕੂਲ ਵਿੱਚ ਕੈਦ ਮੁਸਲਿਮ ਵਸੋਂ ਦੀ ਸਥਿਤੀ ਦਾ ਵਰਨਣ ਕਰੋ।

(vi) ਕੀ ਰਿਕਸ਼ੇ ਵਾਲਾ ਤੁਹਾਨੂੰ ਵੀ 'ਮਾੜਾ ਬੰਦਾ' ਲੱਗਦਾ ਹੈ ? ਹਾਂ ਜਾਂ ਨਾਂਹ ਦੇ ਹੱਕ ਵਿੱਚ ਦਲੀਲ ਲਿਖੋ।

(vii) ਸ਼ੇਰੇ ਅਤੇ ਬਖ਼ਸ਼ੇ ਵਿੱਚ ਸੁਲ੍ਹਾ ਕਰਵਾਉਣ ਦੇ ਕੀ-ਕੀ ਯਤਨ ਕੀਤੇ ਗਏ ਤੇ ਉਹ ਯਤਨ ਸਫਲ ਕਿਉਂ ਨਾ ਹੋਏ ? 5

4. ਬਿਜਲੀ ਪ੍ਰਬੰਧ ਦੀ ਮੰਦੀ ਹਾਲਤ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ।

**ਜਾਂ**

ਆਪਣੇ ਸ਼ਹਿਰ ਦੇ ਡਾਕ ਤਾਰ ਵਿਭਾਗ ਦੇ ਅਫ਼ਸਰ ਨੂੰ ਆਪਣੇ ਇਲਾਕੇ ਦੇ ਡਾਕੀਏ ਦੀ ਅਣਗਹਿਲੀ ਦੀ ਸ਼ਿਕਾਇਤ ਸੰਬੰਧੀ ਇੱਕ ਪੱਤਰ ਲਿਖੋ। 7

5. (ੳ) ਵਿਸ਼ਰਾਮ ਚਿੰਨ੍ਹ ਲਗਾਉ :

ਲੈ ਫਿਕਰ ਕਾਹਦਾ ਹੈ ਸਮੁੰਦੇ ਨੇ ਦਲੇਰ ਹੋ ਕੇ ਕਿਹਾ ਰੁਜਗਾਰ ਤੇ ਚੱਲਿਐਂ ਰੁਜਗਾਰ ਪਿੱਛੇ ਤਾਂ ਲੋਕ ਦੇਸ਼ ਵਿਦੇਸ਼ ਤੁਰੇ ਫਿਰਦੇ ਐ 3

(ਅ) ਹੇਠ ਲਿਖੇ ਵਾਕਾਂ ਨੂੰ ਹਰ ਪੱਖ ਤੋਂ ਸੋਧ ਕੇ ਲਿਖੋ :

(i) ਕੁੜੀ ਸੁੰਦਰ ਮਿੱਠਾ ਗਾਂਦੀ ਹੈ।

(ii) ਤੁਸੀਂ ਕੀ ਲੁਧਿਆਣੇ ਜਾਉਂਗਾ।

(iii) ਤੇਹਾ ਵੱਡੋਗੇ ਜੇਹਾ ਬੀਜੀਓਗੇ। 3

(ੲ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ **ਚਾਰ** ਮੁਹਾਵਰੇ ਵਾਕਾਂ ਵਿੱਚ ਇਸ ਪ੍ਰਕਾਰ ਵਰਤੋ ਕਿ ਅਰਥ ਆਪਣੇ ਆਪ ਸਪੱਸ਼ਟ ਹੋ ਜਾਣ :

(i) ਅਕਲ ਗਿੱਟਿਆਂ ਵਿੱਚ ਹੋਣੀ

(ii) ਆਪਣਾ ਕੀਤਾ ਪਾਉਣਾ

(iii) ਆਵਾ ਊਤ ਜਾਣਾ

(iv) ਸੋਨੇ ਤੇ ਸੁਹਾਗਾ ਹੋਣਾ

(v) ਕੁੱਤੇ ਦੀ ਮੌਤ ਮਰਨਾ। 4

6. ਹੇਠ ਲਿਖੇ ਲੇਖਕਾਂ ਵਿੱਚੋਂ ਕਿਸੇ **ਇੱਕ** ਦਾ ਜੀਵਨ, ਰਚਨਾ ਅਤੇ ਯੋਗਦਾਨ ਬਾਰੇ ਜੋ ਕੁਝ ਵੀ ਆਪ ਜਾਣਦੇ ਹੋ, ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਪ੍ਰੋ. ਪੂਰਨ ਸਿੰਘ

(ਅ) ਸ਼ਿਵ ਕੁਮਾਰ ਬਟਾਲਵੀ

(ੲ) ਮੋਹਨ ਭੰਡਾਰੀ

(ਸ) ਸੁਜਾਨ ਸਿੰਘ। 10